# ਦਫਤਰ ਜਿਲ੍ਹਾ ਮੈਜਿਸਟ੍ਰੇਟ, ਪਠਾਨਕੋਟ।

ਹੁਕਮ:-

ਜਦੋਂ ਕਿ ਇਸ ਦਫਤਰ ਦੇ ਦਫਤਰੀ ਹੁਕਮ ਪਿੱਠ ਅੰਕਣ ਨੰਬਰ: 4254-4258, ਮਿਤੀ 07.07.2020 ਰਾਹੀਂ ਕੋਵਿਡ-19 ਦੇ ਮਹਾਂਮਾਰੀ ਦੇ ਮੱਦੇਨਜਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਸਪੈਸ਼ਲ ਡਿਊਟੀ ਮੈਜਿਸਟ੍ਰੇਟ ਥਾਣਾ ਵਾਈਜ ਨਾਮਜਦ ਕੀਤੇ ਗਏ ਸਨ।

2. ਥਾਣਾ ਧਾਰਕਲਾਂ ਨਾਲ ਸਬੰਧਤ ਸਪੈਸ਼ਲ ਡਿਊਟੀ ਮੈਜਿਸਟ੍ਰੇਟ ਸ੍ਰੀ ਵਿਜੇ ਕੁਮਾਰ ਸੈਣੀ, ਬਲਾਕ ਅਤੇ ਪੰਚਾਇਤ ਅਫਸਰ, ਧਾਰ ਕਲਾਂ ਕੋਰੋਨਾ ਪਾਜੀਟਿਵ ਹੋਣ ਕਾਰਨ ਉਹਨਾਂ ਦੀ ਜਗ੍ਹਾ ਸ੍ਰੀ ਸੁਭਾਸ਼, ਐਸ.ਡੀ.ਓ ਪੰਚਾਇਤੀ ਰਾਜ ਵਿਭਾਗ ਪਠਾਨਕੋਟ(ਮੋਬਾਇਲ ਨੰ: 9988882530) ਨੂੰ ਅਗਲੇ ਹੁਕਮਾਂ ਤੱਕ ਥਾਣਾ ਧਾਰਕਲਾਂ ਦੇ ਏਰੀਏ ਵਾਸਤੇ ਸਪੈਸ਼ਲ ਡਿਊਟੀ ਮੈਜਿਸਟ੍ਰੇਟ ਨਾਮਜਦ ਕੀਤਾ ਜਾਂਦਾ ਹੈ।

3. ਇਸ ਤੋਂ ਇਲਾਵਾ ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ ਨੇ ਆਪਣੇ ਪੱਤਰ ਨੰਬਰ 15065, ਮਿਤੀ 14.08.2020 ਰਾਹੀਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਸਵਤੰਤਰਤਾ ਦਿਵਸ, 2020 ਦੇ ਮੌਕੇ ਕੁਝ ਸ਼ਰਾਰਤੀ ਅਨਸਰਾ ਵੱਲੋ ਅਜਾਦੀ ਦਿਵਸ ਦਾ ਵਿਰੋਧ ਕੀਤਾ ਜਾ ਸਕਦਾ ਹੈ। ਇਸ ਮੰਤਵ ਲਈ ਸਿਵਲ ਅਧਿਕਾਰੀ ਤੈਨਾਤ ਕਰਨ ਲਈ ਸਿਫਾਰਿਸ ਭੇਜੀ ਗਈ ਹੈ। ਇਸ ਦੇ ਮੱਦੇਨਜਰ ਸਵਤੰਤਰਤਾ ਦਿਵਸ, 2020 ਮੌਕੇ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਇਸ ਦਫਤਰ ਵੱਲੋਂ ਪਹਿਲਾਂ ਤੋਂ ਨਾਮਜਦ ਕੀਤੇ ਗਏ ਸਪੈਸ਼ਲ ਡਿਊਟੀ ਮੈਜਿਸਟ੍ਰੇਟ(ਥਾਣਾ ਵਾਈਜ) ਉਕਤ ਮੰਤਵ ਲਈ ਬਤੌਰ ਸਪੈਸ਼ਲ ਡਿਊਟੀ ਮੈਜਿਸਟ੍ਰੇਟ ਕੰਮ ਕਰਨਗੇ। ਸਬੰਧਤ ਸਪੈਸ਼ਲ ਡਿਊਟੀ ਮੈਜਿਸਟ੍ਰੇਟ ਅਤੇ ਸਬੰਧਤ ਥਾਣਾ ਮੁੱਖੀ ਆਪਸੀ ਤਾਲਮੇਲ ਨਾਲ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣਗੇ।

(ਸੰਯਮ ਅਗਰਵਾਲ,ਆਈ.ਏ.ਐਸ),
ਜਿਲ੍ਹਾ ਮੈਜਿਸਟ੍ਰੇਟ,
ਪਠਾਨਕੋਟ।

ਪਿੱਠ ਅੰਕਣ ਨੰਬਰ/ਐਮ.ਏ. 5092-5097 ਮਿਤੀ 14-08-2020

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
2. ਵਧੀਕ ਜਿਲ੍ਹਾ ਮੈਜਿਸਟ੍ਰੇਟ, ਪਠਾਨਕੋਟ।
3. ਉਪ ਮੰਡਲ ਮੈਜਿਸਟ੍ਰੇਟ, ਪਠਾਨਕੋਟ/ਧਾਰਕਲਾਂ
4. ਸਬੰਧਤ ਸਪੈਸ਼ਲ ਡਿਊਟੀ ਮੈਜਿਸਟ੍ਰੇਟ।
5. ਸ੍ਰੀ ਸੁਭਾਸ, ਐਸ.ਡੀ.ਓ ਪੰਚਾਇਤੀ ਰਾਜ ਵਿਭਾਗ ਪਠਾਨਕੋਟ।

(ਸੰਯਮ ਅਗਰਵਾਲ,ਆਈ.ਏ.ਐਸ),
ਜਿਲ੍ਹਾ ਮੈਜਿਸਟ੍ਰੇਟ,
ਪਠਾਨਕੋਟ।

Scanned with CamScanner